# ਪਬਲਿਕ ਗਾਰਡੀਅਨ ਐਂਡ ਟਰੱਸਟੀ
# ਇਸਟੇਟ ਅਤੇ ਨਿੱਜੀ ਟਰੱਸਟ ਦੀਆਂ ਸੇਵਾਵਾਂ

## ਜਾਇਦਾਦ ਲਈ ਵਸੀਅਤ ਦੇ ਪ੍ਰਬੰਧਕ (ਐਗਜ਼ੀਕਿਊਟਰ) ਵਜੋਂ ਫੀਸਾਂ ਦੀ ਸੂਚੀ

ਸਾਡੀਆਂ ਫੀਸਾਂ *ਪਬਲਿਕ ਗਾਰਡੀਅਨ ਐਂਡ ਟਰੱਸਟੀ ਰੈਗੂਲੇਸ਼ਨ* ਵਲੋਂ ਤਹਿ ਕੀਤੀਆਂ ਜਾਂਦੀਆਂ ਹਨ। ਉਹ ਜਾਇਦਾਦ ਦੀ ਕੁੱਲ ਕੀਮਤ ਅਤੇ ਜਾਇਦਾਦ ਦੀ ਸੰਪਤੀ ਵਲੋਂ ਪੈਦਾ ਕੀਤੀ ਗਈ ਆਮਦਨ ਦੀ ਰਕਮ 'ਤੇ ਆਧਾਰਿਤ ਹੁੰਦੀਆਂ ਹਨ। ਵਸੀਅਤ ਦੇ ਪ੍ਰਬੰਧਕ (ਐਗਜ਼ੀਕਿਊਟਰ) ਵਜੋਂ ਕੰਮ ਕਰਦੇ ਹੋਏ ਸਾਡੀਆਂ ਫੀਸਾਂ ਹਨ:

### *ਕੈਪੀਟਲ ਕਮਿਸ਼ਨ*

ਜੇ ਕਿਸੇ ਲਾਭ-ਪਾਤਰ ਨੂੰ ਤਬਦੀਲ ਕੀਤੀ ਜਾਣੀ ਹੈ ਤਾਂ ਰੀਅਲ ਇਸਟੇਟ ਦੀ ਅਪਰੇਜ਼ਡ ਹੋਈ ਕੀਮਤ ਦਾ 5 ਪ੍ਰਤੀਸ਼ਤ, ਕਿਸੇ ਏਜੰਟ ਵਲੋਂ ਵੇਚੀ ਗਈ ਰੀਅਲ ਇਸਟੇਟ ਦੀ ਕੁੱਲ ਵਿਕਰੀ ਕੀਮਤ ਦਾ 3 ਪ੍ਰਤੀਸ਼ਤ; ਜਮ੍ਹਾਂ ਬਾਕੀ ਸਾਰੀ ਪੂੰਜੀ (ਕੈਪੀਟਲ) ਸੰਪਤੀਆਂ ਦਾ 5 ਪ੍ਰਤੀਸ਼ਤ, ਸਮੇਤ ਉਸ ਰੀਅਲ ਇਸਟੇਟ ਦੇ ਜਿਹੜੀ ਕਿਸੇ ਏਜੰਟ ਤੋਂ ਬਿਨਾਂ ਵੇਚੀ ਜਾਂਦੀ ਹੈ।

### *ਆਮਦਨ 'ਤੇ ਕਮਿਸ਼ਨ*

ਵਿਆਜ ਜਾਂ ਇਸਟੇਟ ਵਲੋਂ ਕਮਾਈ ਗਈ ਹੋਰ ਆਮਦਨ ਦਾ 5 ਪ੍ਰਤੀਸ਼ਤ।

### *ਸੰਪਤੀ ਦੇ ਪ੍ਰਬੰਧ ਦੀ ਫੀਸ*

0.7 ਪ੍ਰਤੀਸ਼ਤ ਹਰ ਸਾਲ, ਇਸਟੇਟ ਦੀ ਸਾਰੀ ਸੰਪਤੀ ਦੀ ਕੁੱਲ ਕੀਮਤ ਉੱਪਰ ਮਹੀਨਾਵਾਰ ਹਿਸਾਬ ਲਾਇਆ ਜਾਂਦਾ ਹੈ।

### *ਪ੍ਰਬੰਧਕੀ ਖਰਚੇ*

ਪੜਤਾਲ ਦੇ ਖਰਚੇ, ਅਕਾਊਂਟੈਂਟ ਦੀ ਫੀਸ, ਸਟੋਰੇਜ, ਫੋਟੋਕਾਪੀਆਂ, ਡਾਕ ਟਿਕਟਾਂ ਅਤੇ ਜੇਬ ਵਿੱਚੋਂ ਕੀਤੇ ਗਏ ਹੋਰ ਖਰਚਿਆਂ ਵਰਗੇ ਪ੍ਰਬੰਧਕੀ ਖਰਚੇ ਵੀ ਇਸਟੇਟ ਦੇ ਫੰਡਾਂ ਵਿੱਚੋਂ ਕੱਟੇ ਜਾਣਗੇ।

ਸਾਡੀਆਂ ਫੀਸਾਂ ਅਤੇ ਕਮਿਸ਼ਨਾਂ ਦਾ ਵਿਸਥਾਰ ਵਿਚ ਵੇਰਵਾ www.trustee.bc.ca/fees 'ਤੇ ਦੇਖਿਆ ਜਾ ਸਕਦਾ ਹੈ।

## ਜ਼ਿਆਦਾ ਜਾਣਕਾਰੀ

ਪਬਲਿਕ ਗਾਰਡੀਅਨ ਐਂਡ ਟਰੱਸਟੀ ਬਾਰੇ ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ www.trustee.bc.ca 'ਤੇ ਸਾਡਾ ਵੈੱਬਸਾਈਟ ਦੇਖੋ ਜਾਂ ਸਾਡੇ ਨਾਲ ਅੱਗੇ ਲਿਖੇ ਐਡਰੈਸ 'ਤੇ ਸੰਪਰਕ ਕਰੋ:


ਇਸਟੇਟ ਐਂਡ ਪਰਸਨਲ ਟਰੱਸਟ ਸਰਵਿਸਿਜ਼
ਪਬਲਿਕ ਗਾਰਡੀਅਨ ਐਂਡ ਟਰੱਸਟੀ
700-808 West Hastings Street
Vancouver BC V6C 3L3
ਟੈਲੀਫੋਨ: 604.660.4444
ਈਮੇਲ: estates@trustee.bc.ca
ਵੈੱਬਸਾਈਟ: www.trustee.bc.ca


ਦੂਰੋਂ ਮੁਫਤ ਕਾਲਿੰਗ ਸਰਵਿਸ ਬੀ ਸੀ ਦੇ ਰਾਹੀਂ ਉਪਲਬਧ ਹੈ। ਆਪਣੇ ਏਰੀਏ ਲਈ ਢੁਕਵਾਂ ਨੰਬਰ ਡਾਇਲ ਕਰਨ ਤੋਂ ਬਾਅਦ (ਹੇਠਾਂ ਦੇਖੋ) ਪਬਲਿਕ ਗਾਰਡੀਅਨ ਐਂਡ ਟਰੱਸਟੀ ਵੱਲ ਬਦਲੇ ਜਾਣ ਲਈ ਬੇਨਤੀ ਕਰੋ। (ਦਫਤਰ ਖੁੱਲ੍ਹਣ ਦਾ ਆਮ ਸਮਾਂ, ਸੋਮਵਾਰ ਤੋਂ ਸ਼ੁਕਰਵਾਰ ਤੱਕ, ਸਵੇਰ ਦੇ 8:30 ਵਜੇ ਤੋਂ ਬਾਅਦ ਦੁਪਹਿਰ 4:30 ਵਜੇ ਤੱਕ)

| | ਮੁਫਤ |
|---|---|
| ਵੈਨਕੂਵਰ | 604.660.2421 |
| ਵਿਕਟੋਰੀਆ | 250.387.6121 |
| ਹੋਰ ਕਿਤਿਉਂ | 800.663.7867 |

PUBLIC GUARDIAN AND TRUSTEE OF BRITISH COLUMBIA